**ਪੰਜਾਬ ਸਰਕਾਰ**

**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

**(ਸਿਹਤ-3 ਸ਼ਾਖਾ)**

**<u>ਹੁਕਮ</u>**

ਵਿਭਾਗੀ ਤਰੱਕੀ ਕਮੇਟੀ ਦੀ ਸ਼ਿਫਾਰਸਾਂ ਮਿਤੀ 26-12-2013 ਦੇ ਸਨਮੁੱਖ ਡਾਕਟਰ ਅਨੀਤਾ ਜੁਨੇਜਾ, ਐਸੋਸੀਏਟ ਪ੍ਰੋਫੈਸਰ, ਰੇਡੀਉਥਰੈਪੀ ਨੂੰ ਬਤੌਰ ਪ੍ਰੋਫੈਸਰ, ਰੇਡੀਉਥਰੈਪੀ ਤਨਖਾਹ ਸਕੇਲ 37400-67000+10000/- ਰੁਪਏ ਗਰੇਡ ਪੇ ਵਿੱਚ ਪੱਦ-ਉੱਨਤ ਕੀਤਾ ਜਾਂਦਾ ਹੈ ।

2. ਇਸ ਤੋਂ ਇਲਾਵਾ ਵਿਭਾਗੀ ਤਰੱਕੀ ਕਮੇਟੀ ਦੀ ਸ਼ਿਫਾਰਸਾਂ ਮਿਤੀ 26-12-2013 ਦੇ ਸਨਮੁੱਖ ਡਾਕਟਰ ਹਰਦਿੱਤ ਜੋਤੀ, ਸਹਾਇਕ ਪ੍ਰੋਫੈਸਰ, ਰੇਡੀਉਥਰੈਪੀ ਨੂੰ ਬਤੌਰ ਐਸੋਸੀਏਟ ਪ੍ਰੋਫੈਸਰ, ਰੇਡੀਉਥਰੈਪੀ ਤਨਖਾਹ ਸਕੇਲ 37400-67000+8900/- ਰੁਪਏ ਗਰੇਡ ਪੇ ਵਿੱਚ ਪੱਦ-ਉੱਨਤ ਕੀਤਾ ਜਾਂਦਾ ਹੈ ।

3. ਉਪਰੋਕਤ ਡਾਕਟਰਾਂ ਦੀਆਂ ਕੀਤੀ ਗਈਆਂ ਪੱਦ-ਉੱਨਤੀਆਂ ਹੇਠ ਦਰਸਾਈਆਂ ਸ਼ਰਤਾਂ ਤੇ ਨਿਰਭਰ ਹੋਣਗੀਆ: -

ੳ) ਇਹ ਡਾਕਟਰ ਇੱਕ ਸਾਲ ਦੇ ਪਰਖ ਸਮੇਂ ਅਧੀਨ ਰਹਿਣਗੇ ।

ਅ) ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸ ਰੂਲ, 1978 / 1985 ਅਤੇ ਪੰਜਾਬ ਸਿਵਲ ਸਰਵਿਸਜ (ਜਨਰਲ ਐਂਡ ਕਾਮਨ ਕੰਡੀਸ਼ਨਜ਼ ਆਫ ਸਰਵਿਸ) ਰੂਲਜ, 1994 (ਸਮੇਂ-ਸਮੇਂ ਸਿਰ ਸੋਧ ਅਨੁਸਾਰ) ਅਤੇ ਨੋਟੀਫਿਕੇਸ਼ਨ ਨੰਬਰ : 1/229/97-4.ਐਚ.ਬੀ.3/2034 ਮਿਤੀ 22-05-2003 ਵਿੱਚ ਦਰਜ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।

ੲ) ਜੇਕਰ ਉਪਰੋਕਤ ਡਾਕਟਰਾਂ ਦੀ ਪੱਦ-ਉੱਨਤੀ ਨਾ ਹੁੰਦੀ ਤਾਂ ਇਹਨ੍ਹਾਂ ਡਾਕਟਰਾਂ ਨੇ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਆਸਾਮੀ ਤੇ ਹੀ ਕੰਮ ਕਰਦੇ ਰਹਿਣਾਂ ਸੀ ।

ਸ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ ਸਿਵਲ ਰਿੱਟ ਪਟੀਸ਼ਨ ਜਾਂ ਹੋਰ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੇ ਅੰਤਿਮ ਫੈਸਲੇ ਤੇ ਪੱਦ-ਉਨਤੀਆਂ ਨਿਰਭਰ ਹੋਣਗੀਆਂ ।

ਹ) ਇਹਨ੍ਹਾਂ ਡਾਕਟਰ ਵਲੋਂ ਪੋਸਟਿੰਗ ਦੀ ਥਾਂ ਤੇ ਤੁਰੰਤ ਹਾਜ਼ਰੀ ਰਿਪੋਰਟ ਪੇਸ਼ ਕੀਤੀ ਜਾਵੇਗੀ । ਹਾਜ਼ਰ ਹੋਣ ਦੇ ਸਮੇਂ ਵਿਚ ਕਿਸੇ ਵੀ ਹਾਲਤ ਵਿਚ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਇਸ ਸਬੰਧੀ ਕਿਸੇ ਕਿਸਮ ਦੀ ਪ੍ਰਤੀ ਬੇਨਤੀ ਤੇ ਵਿਚਾਰ ਕੀਤਾ ਜਾਵੇਗਾ । ਪਦ-ਉੱਨਤੀ ਦੀ ਆਸਾਮੀ ਤੇ ਹਾਜ਼ਰ ਨਾ ਹੋਣ ਦੀ ਸੂਰਤ ਵਿਚ ਸਬੰਧਤ ਡਾਕਟਰ ਨੂੰ ਨਿਯਮਾਂ ਅਨੁਸਾਰ ਦੋ ਸਾਲ ਲਈ ਤਰੱਕੀ ਲਈ ਡੀ-ਬਾਰ ਕਰ ਦਿੱਤਾ ਜਾਵੇਗਾ ।

ਖ) ਜੇਕਰ ਸੀਨੀਅਰਤਾ ਸਬੰਧੀ ਜਾਂ ਕੋਈ ਹੋਰ ਤੱਥ / ਰਿਕਾਰਡ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਜਾਂ ਲਿਆਏ ਜਾਂਦੇ ਹਨ ਤੇ ਇਹ ਪੱਦ-ਉੱਨਤੀਆਂ ਮੁੜ ਗੋਰ ਕਰਨ ਯੋਗ ਹੋਣਗੀਆਂ ।

**ਮਿਤੀ, ਚੰਡੀਗੜ੍ਹ :**
31-12-2013

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ

**ਪਿੱਠ ਅੰਕਣ ਨੰਬਰ : 1/48/2013-2ਸਸ3/8902-06** **ਮਿਤੀ, ਚੰਡੀਗੜ੍ਹ : 31-12-2013**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3. ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ ।
5. ਸਬੰਧਤ ਡਾਕਟਰ ।
6. ਨਿੱਜੀ ਸਕੱਤਰ / ਐਮ.ਈ.ਆਰ.ਐਮ ।
7. ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ ।
8. ਨਿੱਜੀ ਸਹਾਇਕ / ਏ.ਐਸ.ਐਮ. ਈ ਆਰ
9. ਨਿੱਜੀ ਸਹਾਇਕ / ਯੂ.ਐਸ.ਐਮ. ਈ ਆਰ

(ਮਨਮੋਹਨ ਸਿੰਘ)
**ਅਧੀਨ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ**

**ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**
**(ਸਿਹਤ-3 ਸ਼ਾਖਾ)**

**ਹੁਕਮ**

ਸਰਕਾਰ ਦੇ ਹੁਕਮ ਨੰਬਰ : 1/48/2013-2ਸਸ3/8902-06 ਮਿਤੀ 31-12-2013 ਰਾਹੀਂ ਪੱਦ-ਉੱਨਤ ਪ੍ਰੋਫੈਸਰ ਰੇਡੀਉਥਰੈਪੀ ਅਤੇ ਐਸੋਸੀਏਟ ਪ੍ਰੋਫੈਸਰ ਰੇਡੀਉਥਰੈਪੀ ਦੀ ਤੈਨਾਤੀਆਂ ਹੇਠ ਲਿਖੇ ਅਨੁਸਾਰ ਕੀਤੀਆਂ ਜਾਂਦੀਆਂ ਹਨ: -

| ਲੜੀ ਨੰਬਰ | ਡਾਕਟਰ ਦਾ ਨਾਮ ਅਤੇ ਅਹੁੱਦਾ | ਨਵੀਂ ਤੈਨਾਤੀ |
|---|---|---|
| 1. | ਡਾਕਟਰ ਅਨੀਤਾ ਜੁਨੇਜਾ, ਪ੍ਰੋਫੈਸਰ ਰੇਡੀਉਥਰੈਪੀ | ਰੇਡੀਉਥਰੈਪੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। |
| 2. | ਡਾਕਟਰ ਹਰਦਿੱਤ ਜੋਤੀ, ਐਸੋਸੀਏਟ ਪ੍ਰੋਫੈਸਰ ਰੇਡੀਉਥਰੈਪੀ | ਰੇਡੀਉਥਰੈਪੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। |

ਮਿਤੀ, ਚੰਡੀਗੜ੍ਹ :
31-12-2013

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ

ਪਿੱਠ ਅੰਕਣ ਨੰਬਰ : 1/48/2013-2ਸਸ3/8907-09 ਮਿਤੀ, ਚੰਡੀਗੜ੍ਹ : 31-12-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।
2. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ।
3. ਸਬੰਧਤ ਡਾਕਟਰ ਅਨੀਤਾ ਜੁਨੇਜਾ ਅਤੇ ਡਾਕਟਰ ਹਰਦਿੱਤ ਜੋਤੀ।
4. ਨਿੱਜੀ ਸਕੱਤਰ / ਐਮ.ਈ.ਆਰ.ਐਮ।
5. ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ।
6. ਨਿੱਜੀ ਸਹਾਇਕ / ਏ.ਐਸ.ਐਮ. ਈ ਆਰ
7. ਨਿੱਜੀ ਸਹਾਇਕ / ਯੂ.ਐਸ.ਐਮ. ਈ ਆਰ

(ਮਨਮੋਹਨ ਸਿੰਘ)
ਅਧੀਨ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ